# ਕੈਨੇਡਾ ਵਿੱਚ ਪੀੜਤਾਂ ਦੇ ਅਧਿਕਾਰ

## ਕਮਿਊਨਿਟੀ ਇੰਮਪੈਕਟ ਸਟੇਟਮੈਂਟਾਂ

### ਕਮਿਊਨਿਟੀ ਇੰਮਪੈਕਟ ਸਟੇਟਮੈਂਟ ਕੀ ਹੁੰਦੀ ਹੈ?

ਕਮਿਊਨਿਟੀ ਪ੍ਰਭਾਵ ਬਿਆਨ (ਕਮਿਊਨਿਟੀ ਇੰਮਪੈਕਟ ਸਟੇਟਮੈਂਟ) ਇੱਕ ਲਿਖਤੀ ਬਿਆਨ ਹੁੰਦਾ ਹੈ ਜੋ ਕਿਸੇ ਅਪਰਾਧ ਕਰਕੇ ਭਾਈਚਾਰੇ ਨੂੰ ਹੋਏ ਨੁਕਸਾਨ ਜਾਂ ਹਾਨੀ ਦਾ ਵਰਣਨ ਕਰਦਾ ਹੈ। ਭਾਈਚਾਰੇ ਦਾ ਇੱਕ ਵਿਅਕਤੀ ਭਾਈਚਾਰੇ ਦੀ ਤਰਫੋਂ ਬਿਆਨ ਪੇਸ਼ ਕਰਦਾ ਹੈ। ਜੇ ਕੋਈ ਭਾਈਚਾਰਾ ਕਮਿਊਨਿਟੀ ਪ੍ਰਭਾਵ ਬਿਆਨ ਜਮ੍ਹਾਂ ਕਰਾਉਣ ਦੀ ਚੋਣ ਕਰਦਾ ਹੈ, ਤਾਂ ਅਦਾਲਤ ਲਈ ਕਿਸੇ ਅਪਰਾਧੀ ਨੂੰ ਸਜ਼ਾ ਸੁਣਾਉਣ ਵੇਲੇ ਉਸ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ।

ਕਮਿਊਨਿਟੀ ਪ੍ਰਭਾਵ ਬਿਆਨ ਮੰਨਦੇ ਹਨ ਕਿ ਅਪਰਾਧ ਦੇ ਪ੍ਰਭਾਵ ਦੂਰਗਾਮੀ ਹੋ ਸਕਦੇ ਹਨ। ਕਈ ਵਾਰ ਕਿਸੇ ਅਪਰਾਧ ਦੇ ਇੱਕ ਤੋਂ ਵੱਧ ਪੀੜਤ ਵਿਅਕਤੀ ਹੁੰਦੇ ਹਨ - ਇਹ ਇੱਕ ਭਾਈਚਾਰਾ ਹੁੰਦਾ ਹੈ। ਕਮਿਊਨਿਟੀ ਪ੍ਰਭਾਵ ਬਿਆਨਾਂ ਦਾ ਉਦੇਸ਼ ਭਾਈਚਾਰੇ ਨੂੰ ਅਦਾਲਤ ਅਤੇ ਅਪਰਾਧੀ ਨੂੰ ਇਹ ਸਮਝਾਉਣ ਦੀ ਆਗਿਆ ਦੇਣਾ ਹੈ ਕਿ ਅਪਰਾਧ ਨੇ ਸਮਾਜ ਨੂੰ ਕਿਵੇਂ ਪ੍ਰਭਾਵਤ ਕੀਤਾ ਹੈ।

### ਕਮਿਊਨਿਟੀ ਪ੍ਰਭਾਵ ਬਿਆਨ ਕੌਣ ਤਿਆਰ ਕਰ ਸਕਦਾ ਹੈ?

ਹਰੇਕ ਭਾਈਚਾਰਾ ਕਮਿਊਨਿਟੀ ਪ੍ਰਭਾਵ ਬਿਆਨ ਤਿਆਰ ਕਰਨ ਲਈ ਕਿਸੇ ਨੂੰ ਚੁਣਦਾ ਹੈ। ਇਹ ਭਾਈਚਾਰੇ ਦਾ ਕੋਈ ਵੀ ਵਿਅਕਤੀ ਹੋ ਸਕਦਾ ਹੈ ਜਿਸਨੂੰ ਕਿਸੇ ਅਪਰਾਧ ਦੁਆਰਾ ਨੁਕਸਾਨ ਪਹੁੰਚਾਇਆ ਗਿਆ ਹੋਵੇ ਜਾਂ ਜਿਸਨੂੰ ਭਾਈਚਾਰੇ ਨੂੰ ਹੋਏ ਨੁਕਸਾਨ ਦਾ ਗਿਆਨ ਹੋਵੇ। ਉਦਾਹਰਣ ਲਈ, ਕਮਿਊਨਿਟੀ ਸੰਸਥਾਵਾਂ, ਸ਼ਹਿਰਾਂ, ਧਾਰਮਿਕ ਸਸੰਥਾਵਾਂ, ਅਤੇ ਐਬੋਰਿਜਨਲ ਬੈਂਡਾਂ ਨੇ ਕਮਿਊਨਿਟੀ ਪ੍ਰਭਾਵ ਬਿਆਨ ਤਿਆਰ ਕੀਤੇ ਹਨ।

### ਕੀ ਕਮਿਊਨਿਟੀ ਪ੍ਰਭਾਵ ਬਿਆਨ ਨਵੇਂ ਹਨ?

ਕਨੇਡੀਅਨ ਅਦਾਲਤਾਂ ਨੇ ਕੁਝ ਸਮੇਂ ਲਈ ਕਈ ਤਰ੍ਹਾਂ ਦੇ ਅਪਰਾਧਾਂ ਲਈ ਕਮਿਊਨਿਟੀ ਪ੍ਰਭਾਵ ਬਿਆਨਾਂ ਨੂੰ ਸਵੀਕਾਰ ਕੀਤਾ ਹੈ। 2011 ਵਿੱਚ, *ਕ੍ਰਿਮੀਨਲ ਕੋਡ* ਨੇ ਖਾਸ ਤੌਰ 'ਤੇ ਧੋਖਾਧੜੀ ਦੇ ਅਪਰਾਧਾਂ ਲਈ ਉਨ੍ਹਾਂ ਦੀ ਵਰਤੋਂ ਨੂੰ ਮਨਜ਼ੂਰੀ ਦਿੱਤੀ।

*ਕ੍ਰਿਮੀਨਲ ਕੋਡ* ਦਾ ਸੈਕਸ਼ਨ 722.2, ਜਿਹੜਾ 23 ਜੁਲਾਈ, 2015 ਨੂੰ ਲਾਗੂ ਹੋਇਆ, ਭਾਈਚਾਰਿਆਂ ਨੂੰ ਸਾਰੇ ਅਪਰਾਧਾਂ ਲਈ ਕਮਿਊਨਿਟੀ ਪ੍ਰਭਾਵ ਬਿਆਨ ਤਿਆਰ ਕਰਨ ਦੀ ਆਗਿਆ ਦਿੰਦਾ ਹੈ। ਸੈਕਸ਼ਨ 722.2 ਦਰਸਾਉਂਦਾ ਹੈ ਕਿ ਕਮਿਊਨਿਟੀ ਪ੍ਰਭਾਵ ਬਿਆਨ ਕੈਨੇਡਾ ਵਿੱਚ ਸਾਰੇ ਅਪਰਾਧਾਂ ਲਈ ਸਜ਼ਾ ਸੁਣਾਉਣ ਵਾਲੀਆਂ ਢੁੱਕਵੀਂਆਂ ਸਹਾਇਤਾਵਾਂ ਹਨ।

### ਕੀ ਭਾਈਚਾਰੇ ਦਾ ਪ੍ਰਤੀਨਿਧੀ ਕਮਿਊਨਿਟੀ ਪ੍ਰਭਾਵ ਬਿਆਨ ਨੂੰ ਉੱਚੀ ਪੜ੍ਹ ਕੇ ਸੁਣਾ ਸਕਦਾ ਹੈ?

ਜੇ ਕੋਈ ਕਮਿਊਨਿਟੀ ਪ੍ਰਤੀਨਿਧੀ ਸਜ਼ਾ ਦੀ ਸੁਣਵਾਈ ਵੇਲੇ ਕਮਿਊਨਿਟੀ ਪ੍ਰਭਾਵ ਬਿਆਨ ਨੂੰ ਉੱਚੀ ਆਵਾਜ਼ ਵਿੱਚ ਪੜ੍ਹਨਾ ਚਾਹੁੰਦਾ ਹੈ, ਤਾਂ ਅਦਾਲਤ ਲਈ ਇਸ ਦੀ ਆਗਿਆ ਦੇਣਾ ਜ਼ਰੂਰੀ ਹੈ। ਅਦਾਲਤ ਕਿਸੇ ਕਮਿਊਨਿਟੀ ਨੂੰ ਆਪਣਾ ਕਮਿਊਨਿਟੀ ਪ੍ਰਭਾਵ ਬਿਆਨ ਕਿਸੇ ਅਜਿਹੇ ਦੂਜੇ ਢੰਗ ਨਾਲ ਪੇਸ਼ ਕਰਨ ਦੀ ਇਜਾਜ਼ਤ ਦੇਣ ਦੀ ਚੋਣ ਵੀ ਕਰ ਸਕਦੀ ਹੈ, ਜਿਸ ਨੂੰ ਉਹ ਉਚਿਤ ਸਮਝਦੀ ਹੈ, ਜਿਵੇਂ ਕਿ ਪਹਿਲਾਂ ਤੋਂ ਰਿਕਾਰਡ ਕੀਤਾ ਗਿਆ ਵੀਡੀਓ।

ਇੱਕ ਕਮਿਊਨਿਟੀ ਪ੍ਰਤੀਨਿਧੀ ਅਦਾਲਤ ਨੂੰ ਉਨ੍ਹਾਂ ਦਾ ਬਿਆਨ ਪੜ੍ਹਨ ਦੀ ਇਜਾਜ਼ਤ ਦੇਣ ਲਈ ਕਹਿ ਸਕਦਾ ਹੈ ਜਦੋਂ ਉਨ੍ਹਾਂ ਦੀ ਪਸੰਦ ਦਾ ਕੋਈ ਸਹਾਇਤਾ ਕਰਨ ਵਾਲਾ ਵਿਅਕਤੀ ਨੇੜੇ ਹੋਵੇ, ਜਾਂ ਜਦੋਂ ਉਹ ਸਕ੍ਰੀਨ ਦੇ ਪਿੱਛੇ ਜਾਂ ਕਲੋਜ਼ਡ-ਸਰਕਟ ਟੈਲੀਵਿਜ਼ਨ ਦੁਆਰਾ ਕੋਰਟਰੂਮ ਦੇ ਬਾਹਰ ਹੋਣ , ਤਾਂ ਜੋ ਉਨ੍ਹਾਂ ਨੂੰ ਅਪਰਾਧੀ ਨੂੰ ਨਾ ਵੇਖਣਾ ਪਵੇ। ਅਦਾਲਤ ਲਈ ਇਹ ਬੇਨਤੀਆਂ ਮਨਜ਼ੂਰ ਕਰਨਾ ਜ਼ਰੂਰੀ ਹੈ।

ਜਾਣਕਾਰੀ ਦਾ ਅਧਿਕਾਰ | ਸੁਰੱਖਿਆ ਦਾ ਅਧਿਕਾਰ | ਭਾਗੀਦਾਰੀ ਦਾ ਅਧਿਕਾਰ | ਨੁਕਸਾਨ ਦੀ ਭਰਪਾਈ (restitution) ਦੀ ਮੰਗ ਕਰਨ ਦਾ ਅਧਿਕਾਰ | ਸ਼ਿਕਾਇਤ ਕਰਨ ਦਾ ਅਧਿਕਾਰ

Government of Canada / Gouvernement du Canada

Canada

## ਕਮਿਊਨਿਟੀ ਪ੍ਰਭਾਵ ਬਿਆਨ ਵਿੱਚ ਕੀ ਸ਼ਾਮਲ ਕੀਤਾ ਜਾ ਸਕਦਾ ਹੈ?

ਕਮਿਊਨਿਟੀ ਪ੍ਰਭਾਵ ਬਿਆਨ ਸਾਰੇ ਸੂਬਿਆਂ ਅਤੇ ਪ੍ਰਦੇਸ਼ਾਂ ਵਿੱਚ ਵਰਤੇ ਜਾਂਦੇ ਮਿਆਰੀ ਕਮਿਊਨਿਟੀ ਇੰਮਪੈਕਟ ਸਟੇਟਮੈਂਟ ਫਾਰਮ ਦੀ ਵਰਤੋਂ ਕਰਦੇ ਹੋਏ ਤਿਆਰ ਕੀਤਾ ਜਾਣਾ ਚਾਹੀਦਾ ਹੈ। ਬਿਆਨ ਵਿੱਚ ਇਹ ਜ਼ਰੂਰ ਕਿਹਾ ਜਾਣਾ ਚਾਹੀਦਾ ਹੈ ਕਿ ਭਾਈਚਾਰੇ ਦਾ ਪ੍ਰਤੀਨਿਧੀ ਭਾਈਚਾਰੇ ਲਈ ਕਿਉਂ ਬੋਲ ਰਿਹਾ ਹੈ। ਨੁਮਾਇੰਦਾ ਵਰਣਨ ਕਰ ਸਕਦਾ ਹੈ ਕਿ ਅਪਰਾਧ ਨੇ ਭਾਈਚਾਰੇ ਦੇ ਮੈਂਬਰਾਂ ਨੂੰ ਭਾਵਨਾਤਮਕ, ਸਰੀਰਕ ਅਤੇ ਵਿੱਤੀ ਤੌਰ 'ਤੇ ਕਿਵੇਂ ਪ੍ਰਭਾਵਿਤ ਕੀਤਾ ਹੈ ਅਤੇ ਨਾਲ ਹੀ ਕਿਸੇ ਵੀ ਤਰ੍ਹਾਂ ਦੇ ਡਰ ਦਾ ਜੋ ਸਮਾਜ ਦੇ ਮੈਂਬਰਾਂ ਨੂੰ ਉਨ੍ਹਾਂ ਦੀ ਸੁਰੱਖਿਆ ਜਾਂ ਉਨ੍ਹਾਂ ਦੇ ਪਰਿਵਾਰ ਅਤੇ ਦੋਸਤਾਂ ਦੀ ਸੁਰੱਖਿਆ ਲਈ ਹੋ ਸਕਦੇ ਹਨ। ਕਮਿਊਨਿਟੀ ਨੁਮਾਇੰਦਾ ਇਹ ਦਰਸਾਉਣ ਲਈ ਕਿ ਅਪਰਾਧ ਨੇ ਕਮਿਊਨਿਟੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ ਇੱਕ ਡਰਾਇੰਗ, ਕਵਿਤਾ ਜਾਂ ਚਿੱਠੀ ਵੀ ਸ਼ਾਮਲ ਕਰ ਸਕਦਾ ਹੈ।

## ਕਮਿਊਨਿਟੀ ਪ੍ਰਭਾਵ ਬਿਆਨ ਕਿਵੇਂ ਜਮ੍ਹਾਂ ਕੀਤਾ ਜਾਂਦਾ ਹੈ?

ਹਰੇਕ ਸੂਬਾ ਅਤੇ ਪ੍ਰਦੇਸ਼ ਕਮਿਊਨਿਟੀ ਪ੍ਰਭਾਵ ਬਿਆਨਾਂ ਲਈ ਆਪਣੀ ਖੁਦ ਦੀ ਵਿਧੀ ਸਥਾਪਤ ਕਰ ਸਕਦਾ ਹੈ। ਕਮਿਊਨਿਟੀ ਸਟੇਟਮੈਂਟ ਫਾਰਮ ਪੁਲਿਸ, ਵਿਕਟਿਮ ਸਰਵਿਸਿਜ਼ ਜਾਂ ਸਰਕਾਰੀ ਵਕੀਲ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਫਾਰਮ ਭਰਨ ਵਿੱਚ ਸਹਾਇਤਾ ਸੂਬੇ ਜਾਂ ਪ੍ਰਦੇਸ਼ ਵਿੱਚ ਵਿਕਟਿਮ/ਕਮਿਊਨਿਟੀ ਸਟੇਟਮੈਂਟ ਪ੍ਰੋਗਰਾਮ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਪੂਰਾ ਕੀਤਾ ਫਾਰਮ ਵਿਕਟਿਮ ਸਰਵਿਸਿਜ਼ ਜਾਂ ਸਰਕਾਰੀ ਵਕੀਲ ਨੂੰ ਦਿੱਤਾ ਜਾ ਸਕਦਾ ਹੈ।

ਅਪਰਾਧੀ ਜਾਂ ਉਨ੍ਹਾਂ ਦੇ ਵਕੀਲ ਨੂੰ ਵੀ ਪੂਰੇ ਕੀਤੇ ਹੋਏ ਕਮਿਊਨਿਟੀ ਇੰਮਪੈਕਟ ਸਟੇਟਮੈਂਟ ਫਾਰਮ ਦੀ ਇੱਕ ਕਾਪੀ ਪ੍ਰਾਪਤ ਹੁੰਦੀ ਹੈ ਅਤੇ ਉਹ ਸਟੇਟਮੈਂਟ ਬਾਰੇ ਕਮਿਊਨਿਟੀ ਪ੍ਰਤੀਨਿਧੀ ਤੋਂ ਪੁੱਛਗਿੱਛ ਕਰ ਸਕਦਾ ਹੈ।

## ਹੋਰ ਜਾਣਕਾਰੀ ਕਿੱਥੇ ਉਪਲਬਧ ਹੈ?

ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ, ਅਪਰਾਧ ਦਾ ਸ਼ਿਕਾਰ ਹੋਇਆ ਹੈ, ਤਾਂ ਮਦਦ ਉਪਲਬਧ ਹੈ। ਸਾਰੇ ਸੂਬੇ ਅਤੇ ਪ੍ਰਦੇਸ਼ ਅਪਰਾਧ ਦੇ ਪੀੜਤਾਂ ਲਈ ਸੇਵਾਵਾਂ ਪੇਸ਼ ਕਰਦੇ ਹਨ। ਜੇ ਤੁਹਾਨੂੰ ਜਾਣਕਾਰੀ ਜਾਂ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਤੁਹਾਡੀ ਮਦਦ ਕਰ ਸਕਦੇ ਹਨ। ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਤੁਹਾਡੇ ਨੇੜੇ ਪੀੜਤ ਸੇਵਾਵਾਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ:

**http://www.justice.gc.ca/eng/cj-jp/victims-victimes/vsd-rsv/index.html**

© ਕੈਨੇਡਾ ਦੇ ਅਧਿਕਾਰ ਵਿੱਚ ਮਹਾਰਾਣੀ, ਜਿਹਨਾਂ ਦੀ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਦੁਆਰਾ ਨੁਮਾਇੰਦਗੀ ਕੀਤੀ ਗਈ, 2015

ISBN 978-0-660-44806-0
Cat. No. J2-412/6-2023Pan-PDF